# ਨਵੇਂ ਹੈਲਥ ਐਂਡ ਸੇਫਟੀ ਲਾਅ ਪੋਸਟਰ ਉਤੇ ਤੁਹਾਨੂੰ ਕਿਹੜੇ ਵੇਰਵੇ ਦਰਜ਼ ਕਰਨ ਦੀ ਲੋੜ ਹੈ? (What details do you need to put on the new health and safety law poster?)

ਹੈਲਥ ਐਂਡ ਸੇਫਟੀ ਲਾਅ ਪੋਸਟਰ ਵਿਚ ਤਿੰਨ ਭਾਗ ਸ਼ਾਮਲ ਹਨ ਜੋ ਮੁਕੰਮਲ ਕੀਤੇ ਜਾਣੇ ਚਾਹੀਦੇ ਹਨ।

ਉਹ ਹਨ:

### ਕਰਮਚਾਰੀਆਂ ਦੇ ਪ੍ਰਤੀਨਿਧ

ਇਹ ਖਾਨਾ ਕਰਮਚਾਰੀਆਂ ਦੁਆਰਾ ਸੇਫਟੀ ਰੈਪਰੀਜ਼ੈਂਟਟਿਵਜ ਐਂਡ ਸੇਫਟੀ ਕਮੇਟੀ ਰੈਗੂਲੇਸਨਜ 1977 (ਜੇ ਵਰਕਪਲੇਸ ਵਿਚ ਕੋਈ ਟ੍ਰੇਡ ਯੂਨੀਅਨ ਹੈ) ਜਾਂ ਫਿਰ ਕਨਸਲਟੇਸ਼ਨ ਵਿੱਦ ਇੰਪਲਾਈਜ ਰੈਗੂਲੇਸ਼ਨਜ 1996 (ਜੇ ਕਿਸੇ ਯੂਨੀਅਨ ਦੀ ਪ੍ਰਤੀਨਿਧਤਾ ਨਹੀਂ ਹੈ) ਅਧੀਨ ਨਿਯੁਕਤ ਕੀਤੇ / ਚੁਣੇ ਹੋਏ ਪ੍ਰਤੀਨਿਧ ਵਾਸਤੇ ਹੈ। ਜੇ ਕੋਈ ਵੀ ਨਿਯੁਕਤ ਕੀਤਾ / ਚੁਣਿਆ ਨਹੀਂ ਗਿਆ ਅਤੇ ਮਾਲਕ ਸਿੱਧਾ ਕਰਮਚਾਰੀਆਂ ਨਾਲ ਵਿਚਾਰ ਵਟਾਂਦਰਾ ਕਰਦਾ ਹੈ ਤਾਂ ਇਹ ਖਾਨਾ ਖਾਲੀ ਰਹਿੰਦਾ ਹੈ।

- **Consulting employees on health and safety : a guide to the law - free leaflet**

### ਮੈਨੇਜਮੈਂਟ ਦੀ ਪ੍ਰਤੀਨਿਧਤਾ

ਇਹ ਖਾਨਾ ਮਾਲਕ ਵਲੋਂ ਹੈਲਥ ਐਂਡ ਸੇਫਟੀ ਵਾਸਤੇ ਨਿਯੁਕਤ ਕੀਤੇ ਹੋਏ ਵਿਅਕਤੀ (ਜਿਵੇਂ ਕਿ ਹੈਲਥ ਐਂਡ ਸੇਫਟੀ ਅਫਸਰ) ਵਾਸਤੇ ਹੈ। ਮੈਨੇਜਮੈਂਟ ਆਫ ਹੈਲਥ ਐਂਡ ਸੇਫਟੀ ਐਟ ਵਰਕ ਰੈਗੂਲੇਸਨਜ 1999 ਦੀ ਰੈਗੂਲੇਸ਼ਨ 7 ਵਿਚ ਦਰਜ਼ ਹੈ "ਹਰ ਇਕ ਮਾਲਕ ਨੂੰ ਰੈਗੂਲੇਸਨਾ ਦੁਆਰਾ ਉਸ ਉਤੇ ਪਾਈਆਂ ਗਈਆਂ ਜ਼ਿੰਮੇਦਾਰੀਆਂ ਦੀ ਪੂਰਤੀ ਕਰਨ ਵਿਚ ਉਸਦੀ ਸਹਾਇਤਾ ਕਰਨ ਲਈ ਇਕ ਜਾਂ ਵੱਧ ਨਿਪੁੰਨ ਵਿਅਕਤੀ ਨਿਯੁਕਤ ਕਰਨੇ ਚਾਹੀਦੇ ਹਨ"। ਕਾਰੋਬਾਰ ਦੇ ਅਕਾਰ ਅਤੇ ਢਾਂਚੇ ਅਨੁਸਾਰ ਅਤੇ ਜੇ ਮਾਲਕ ਨੇ ਸਬੰਧਤ ਸਿਖਲਾਈ ਅਤੇ ਤਜ਼ਰਬਾ ਪ੍ਰਾਪਤ ਕੀਤਾ ਹੋਇਆ ਹੈ ਤਾਂ ਇਹ ਵਿਅਕਤੀ ਮਾਲਕ ਆਪ ਵੀ ਹੋ ਸਕਦਾ ਹੈ।

### ਇਨਫੋਰਸਿੰਗ (ਲਾਗੂ ਕਰਵਾਉਣ ਵਾਲੀ) ਅਥਾਰਟੀ

ਹੈਲਥ ਐਂਡ ਸੇਫਟੀ ਵਾਸਤੇ ਤੁਹਾਡੀ ਇਨਫੋਰਸਿੰਗ ਅਥਾਰਟੀ ਤੁਹਾਡੇ ਵਲੋਂ ਕੀਤੇ ਜਾਣ ਵਾਲੇ ਕਾਰੋਬਾਰ ਦੀ ਕਿਸਮ ਉਤੇ ਨਿਰਧਾਰਤ ਹੋਵੇਗੀ। ਆਪਣੀ ਇਨਫੋਰਸਿੰਗ ਅਥਾਰਟੀ ਸਬੰਧੀ ਫੈਸਲਾ ਕਰਨ ਲੱਗਿਆਂ ਤੁਹਾਨੂੰ ਇਹ ਧਿਆਨ ਵਿਚ ਰੱਖਣਾ ਹੋਵੇਗਾ ਕਿ ਤੁਸੀਂ ਕਿਸ ਪ੍ਰਕਾਰ ਦੀ ਵਰਕਪਲੇਸ ਵਿਚ ਕੰਮ ਕਰਦੇ ਹੋ। ਫੈਕਟਰੀਜ, ਬਿਲਡਿੰਗ ਸਾਈਟਸ, ਮਾਈਨਜ, ਫਾਰਮਜ, ਫੇਅਰਗ੍ਰਾਊਂਡਜ, ਕੂਐਰੀਜ,ਰੇਲਵੇਜ, ਕੈਮੀਕਲ ਪਲਾਂਟ, ਆਫਸ਼ੋਰ ਅਤੇ ਨਿਊਕਲੀਅਰ ਇੰਸਟਾਲੇਸ਼ਨਜ, ਸਕੂਲਜ ਅਤੇ ਹਾਸਪੀਟਲਜ ਵਰਗੀਆਂ ਥਾਵਾਂ ਵਿਚ ਐਚਐਸਈ ਇਨਫੋਰਸ ਕਰਦੀ ਹੈ।

- ਸਾਰੇ ਐਚਐਸਈ ਖੇਤਰਾਂ ਦਾ ਨਕਸ਼ਾ/ਲਿਸਟ

ਰੀਟੇਲਿੰਗ, ਕੁੱਝ ਵੇਅਰਹਾਊਸਿਜ, ਬਹੁਤੇ ਦਫਤਰਾਂ, ਹੋਟਲਜ ਅਤੇ ਕੇਟ੍ਰਿੰਗ, ਸਪੋਰਟਸ, ਲੇਜਰ, ਕੰਸਿਊਮਰ ਸਰਵਸਿਜ ਅਤੇ ਪੂਜਾ-ਪਾਠ ਕਰਨ ਵਾਲੀਆਂ ਥਾਵਾਂ ਉਤੇ **ਲੋਕਲ ਅਥਾਰਟੀ** ਇਨਫੋਰਸ ਕਰਦੀ ਹੈ। ਤੁਹਾਡੀ ਲੋਕਲ ਅਥਾਰਟੀ ਦਾ ਵੇਰਵਾ ਟੈਲੀਫੋਨ ਡਾਇਰੈਕਟਰੀ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਫਿਰ ਜੇ ਤੁਸੀਂ ਸਾਨੂੰ ਦੱਸ ਦੇਵੋ ਕਿ ਤੁਸੀਂ ਕਿਹੜੀ ਕੌਂਸਲ ਦੇ ਇਲਾਕੇ ਵਿਚ ਰਹਿੰਦੇ ਹੋ ਤਾਂ ਅਸੀਂ ਤੁਹਾਨੂੰ ਟੈਲੀਫੋਨ ਨੰਬਰ ਦੱਸ ਸਕਦੇ ਹਾਂ।

### ਇੰਪਲਾਯਮੈਂਟ ਮੈਡੀਕਲ ਅਡਵਾਈਜਰੀ ਸਰਵਿਸ (ਈਐਮਏਐਸ)

ਈਐਮਏਐਸ ਡਿਪਾਰਟਮੈਂਟਾਂ ਸਥਾਨਕ ਐਚਐਸਈ ਦਫਤਰਾਂ ਵਿਚ ਸਥਾਪਤ ਹਨ, ਬੇਸ਼ਕ ਕੁੱਝ ਛੋਟੇ ਖੇਤਰੀ ਦਫਤਰ ਇਨ੍ਹਾਂ ਤੋਂ ਬਗੈਰ ਵੀ ਹਨ।